# Code of Conduct of College is mentioned on College Prospectus

defaulters.

1. The students are required to reach the classes in time. The late comers may not be permitted to attend the class.
2. The students should maintain discipline, once the class is over.
3. Speaking loudly, making noise and running in college corridors is strictly prohibited.
4. Students should not damage the college furniture and building. Students indulging in such activities may be fined.
5. To avoid strict action students must park their vehicles at scooter/cycle stand only.
6. Students are expected to exhibit the sense of utmost responsibility, punctuality and presence during college functions.
7. Students must get issued their Identity Cards from Library within 15 days of admission.
8. Nobody is allowed to meet any student during college hours. Only Parents/Guardians are allowed with the permission of Principal.
9. Students are not allowed to leave the college campus during college hours without the permission of tutor / students' advisor.
10. Mobile Phones are strictly prohibited.
11. Ragging in the college is totally banned.
12. To wear white uniform (along with black sweater in winters) on every Monday is compulsory.
13. Students are not allowed to eat in class-rooms or in the parking area.

ਕਾਰਣ ਬਣ ਸਕਦੀ ਹੈ। ਹਰ ਵਿਦਿਆਰਥਣ ਨੂੰ ਅਧਿਕਾਰੀਆਂ ਦੁਆਰਾ ਬਣਾਏ ਗਏ ਨਿਯਮਾਂ ਦਾ ਪਾਲਣ ਕਰਨਾ ਪਵੇਗਾ।

1. ਵਿਦਿਆਰਥਣਾਂ ਕਲਾਸਾਂ ਵਿੱਚ ਬਾਕਾਇਦਗੀ ਨਾਲ ਸਮੇਂ ਸਿਰ ਪਹੁੰਚਣ। ਲੇਟ ਆਉਣ ਵਾਲੀ ਵਿਦਿਆਰਥਣ ਨੂੰ ਕਲਾਸ ਰੂਮ ਵਿੱਚ ਦਾਖਲਾ ਨਹੀਂ ਮਿਲੇਗਾ।
2. ਕਲਾਸ ਖਤਮ ਹੋਣ ਤੋਂ ਪਿੱਛੋਂ ਵਿਦਿਆਰਥਣਾਂ ਲਈ ਜ਼ਰੂਰੀ ਹੈ ਕਿ ਉਹ ਅਨੁਸ਼ਾਸਨ ਅਤੇ ਜ਼ਾਬਤੇ ਵਿੱਚ ਰਹਿ ਕੇ ਕਲਾਸ ਰੂਮ ਤੋਂ ਬਾਹਰ ਜਾਣ।
3. ਕਾਲਜ ਦੇ ਬਰਾਂਡਿਆਂ ਵਿੱਚ ਦੌੜਨ, ਉੱਚੀ-ਉੱਚੀ ਸ਼ੋਰ ਪਾਉਣ ਅਤੇ ਕਿਸੇ ਕਿਸਮ ਦੀ ਹਫੜਾ-ਦਫੜੀ ਦੀ ਸਖ਼ਤ ਮਨਾਹੀ ਹੈ।
4. ਵਿਦਿਆਰਥਣਾਂ ਕਾਲਜ ਦੀ ਇਮਾਰਤ ਅਤੇ ਫਰਨੀਚਰ ਨੂੰ ਕਿਸੇ ਕਿਸਮ ਦਾ ਕੋਈ ਨੁਕਸਾਨ ਨਹੀਂ ਪਹੁੰਚਾਉਣਗੀਆਂ। ਜੇ ਕੋਈ ਵਿਦਿਆਰਥਣ ਅਜਿਹਾ ਕਰਦੀ ਫੜੀ ਗਈ ਤਾਂ ਉਸ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
5. ਵਿਦਿਆਰਥਣਾਂ ਲਈ ਇਹ ਅਨਿਵਾਰੀ ਹੈ ਕਿ ਉਹ ਆਪਣੇ ਸਾਈਕਲ ਜਾਂ ਸਕੂਟਰ ਮਿਥੀ ਗਈ ਜਗ੍ਹਾ ਤੇ ਹੀ ਰੱਖਣ। ਉਲੰਘਣਾ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਭਾਰੀ ਜੁਰਮਾਨਾ ਕੀਤਾ ਜਾਵੇਗਾ।
6. ਵਿਦਿਆਰਥਣਾਂ ਕਾਲਜ ਵਿੱਚ ਹੋਣ ਵਾਲੇ ਸਮਾਗਮਾਂ ਵਿਚ ਜ਼ਰੂਰ ਹਾਜ਼ਰ ਹੋਣਗੀਆਂ ਅਤੇ ਅਨੁਸ਼ਾਸਨ ਤੇ ਮਰਿਯਾਦਾ ਵਿੱਚ ਰਹਿਣਗੀਆਂ।
7. ਸਾਰੀਆਂ ਵਿਦਿਆਰਥਣਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦਾਖਲੇ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਆਪਣਾ ਸ਼ਨਾਖਤੀ ਕਾਰਡ ਲਾਇਬ੍ਰੇਰੀ ਵਿਚੋਂ ਜਾਰੀ ਕਰਵਾ ਲੈਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੁਰਮਾਨਾ ਹੋ ਸਕਦਾ ਹੈ।
8. ਕਾਲਜ ਸਮੇਂ ਦੌਰਾਨ ਕੋਈ ਵਿਅਕਤੀ ਵਿਦਿਆਰਥਣਾਂ ਨੂੰ ਮਿਲ ਨਹੀਂ ਸਕਦਾ। ਸਿਰਫ ਮਾਤਾ-ਪਿਤਾ/ਗਾਰਡੀਅਨ ਹੀ ਪ੍ਰਿੰਸੀਪਲ ਦੀ ਆਗਿਆ ਨਾਲ ਮਿਲ ਸਕਦੇ ਹਨ।
9. ਟਿਊਟਰ ਜਾਂ ਵਿਦਿਆਰਥੀ ਸਲਾਹਕਾਰ ਅਧਿਆਪਕ ਦੀ ਆਗਿਆ ਬਿਨਾਂ ਕਿਸੇ ਵੀ ਵਿਦਿਆਰਥਣ ਨੂੰ ਕਾਲਜ ਖੇਤਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੈ।
10. ਕਾਲਜ ਵਿੱਚ ਮੋਬਾਇਲ ਫੋਨ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।
11. ਕਾਲਜ ਕੈਂਪਸ ਵਿਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ।
12. ਸੋਮਵਾਰ ਨੂੰ ਸਫੈਦ ਯੂਨੀਫਾਰਮ (ਸਰਦੀਆਂ ਵਿੱਚ ਕਾਲੀ ਸਵੈਟਰ ਸਮੇਤ) ਪਹਿਨਣਾ ਲਾਜ਼ਮੀ ਹੈ।
13. ਵਿਦਿਆਰਥਣਾਂ ਨੂੰ ਕਲਾਸ ਰੂਮਜ਼ ਜਾਂ ਸਕੂਟਰ ਸਟੈਂਡ 'ਚ ਬੈਠ ਕੇ ਖਾਣ ਦੀ ਆਗਿਆ ਨਹੀਂ ਹੈ।



# Rules of Leave

1. All leave applications must be recommended by the tutor/students' advisor.
2. Leave application must be countersigned by the Father/Guardian.
3. Prior sanction of leave is mandatory.
4. No leave application will be considered without specific dates.
5. It is mandatory to mention specific reason of leave.
6. Medical leave application must be accompanied with medical certificate.
7. One lecture leave can be approved by the concerned teacher.
8. If any student remains absent for 15 days without prior sanction of leave, her name will be struck off from the college rolls.
9. No leave, except medical leave, will be sanctioned during House Examinations and this fulfills the purpose of exemption in fine only.

**College holds monthly Tutorial Meets. It is mandatory for each student to attend these meets face strict action.**

## Fines

**No application will be entertained for the exemption of fine imposed for indiscipline/misbehaviour in the college or use of unfair means during examinations.**

| | |
|---|---|
| Fine for one period absentee | Rs. 0.50 |
| Fine for more than one period or one day absentee | Rs. 2.00 |
| Absentee fine for each paper | Rs. 5.00 |
| Fine for securing less than 25% marks in each paper | Rs. 2.00 |
| Fine for staying absent during class test | Rs. 2.00 |
| Fine for not returning the library books on due date | Rs. 1.00 (per day, per book) |
| Fine for not wearing uniform on Monday | Rs. 5.00 (per day) |

# ਛੁੱਟੀ ਸੰਬੰਧੀ ਨਿਯਮ

1. ਛੁੱਟੀ ਸੰਬੰਧੀ ਸਾਰੀਆਂ ਅਰਜ਼ੀਆਂ ਟਿਊਟਰ/ਵਿਦਿਆਰਥੀ ਸਲਾਹਕਾਰ ਅਧਿਆਪਕਾਂ ਤੋਂ ਪ੍ਰਵਾਨਿਤ ਕਰਵਾ ਕੇ ਪ੍ਰਿੰਸੀਪਲ ਦਫ਼ਤਰ ਵਿੱਚ ਜਮ੍ਹਾਂ ਕਰਵਾਈਆਂ ਜਾਣਗੀਆਂ।
2. ਛੁੱਟੀ ਦੀ ਅਰਜ਼ੀ ਪਿਤਾ/ਗਾਰਡੀਅਨ ਦੁਆਰਾ ਹਸਤਾਖਰਿਤ ਹੋਣੀ ਲਾਜ਼ਮੀ ਹੈ।
3. ਆਮ ਛੁੱਟੀ ਲਈ ਪਹਿਲਾਂ ਅਰਜ਼ੀ ਦੇਣਾ ਜ਼ਰੂਰੀ ਹੈ।
4. ਅਨਿਸ਼ਚਿਤ ਕਾਲ ਲਈ ਕੋਈ ਛੁੱਟੀ ਪ੍ਰਵਾਨ ਨਹੀਂ ਹੋਵੇਗੀ।
5. ਅਰਜ਼ੀ ਉੱਤੇ ਛੁੱਟੀ ਦਾ ਕਾਰਣ ਸਪੱਸ਼ਟ ਕਰਨਾ ਜ਼ਰੂਰੀ ਹੈ।
6. ਬੀਮਾਰੀ ਦੀ ਛੁੱਟੀ ਲਈ ਦਿੱਤੀ ਅਰਜ਼ੀ ਨਾਲ ਡਾਕਟਰੀ ਪ੍ਰਮਾਣ-ਪੱਤਰ ਦਾ ਨੱਥੀ ਹੋਣਾ ਲਾਜ਼ਮੀ ਹੈ।
7. ਇੱਕ ਲੈਕਚਰ ਦੀ ਛੁੱਟੀ ਸੰਬੰਧਿਤ ਅਧਿਆਪਕ ਤੋਂ ਪ੍ਰਵਾਨ ਕਰਵਾਈ ਜਾ ਸਕਦੀ ਹੈ।
8. ਛੁੱਟੀ ਲਏ ਬਿਨਾਂ 15 ਦਿਨਾਂ ਤੋਂ ਜ਼ਿਆਦਾ ਸਮਾਂ ਗ਼ੈਰ ਹਾਜ਼ਰ ਰਹਿਣ ਵਾਲੀ ਵਿਦਿਆਰਥਣ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ।
9. ਘਰੇਲੂ ਇਮਤਿਹਾਨਾਂ ਦੌਰਾਨ ਡਾਕਟਰੀ ਪ੍ਰਮਾਣ ਪੱਤਰ ਤੇ ਆਧਾਰਿਤ ਡਾਕਟਰੀ ਛੁੱਟੀ ਤੋਂ ਇਲਾਵਾ ਕੋਈ ਹੋਰ ਛੁੱਟੀ ਨਹੀਂ ਦਿੱਤੀ ਜਾਵੇਗੀ ਤੇ ਇਸ ਨਾਲ ਸਿਰਫ਼ ਜੁਰਮਾਨੇ ਵਿੱਚ ਹੀ ਰਿਆਇਤ ਹੋਵੇਗੀ।

**ਕਾਲਜ ਵਿਚ ਹਰ ਮਹੀਨੇ ਟਿਊਟੋਰੀਅਲ ਮੀਟਿੰਗ ਹੁੰਦੀ ਹੈ, ਜਿਸ ਵਿਚ ਹਰ ਵਿਦਿਆਰਥਣ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ। ਗ਼ੈਰ ਹਾਜ਼ਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।**

## ਜੁਰਮਾਨੇ

**ਗ਼ਲਤ ਵਿਹਾਰ ਅਤੇ ਇਮਤਿਹਾਨਾਂ ਵਿੱਚ ਨਕਲ ਮਾਰਨ ਕਰਕੇ ਲਗਾਏ ਗਏ ਜੁਰਮਾਨੇ ਨੂੰ ਮੁਆਫ਼ ਕਰਨ ਲਈ ਅਰਜ਼ੀ ਵਿਚਾਰ ਅਧੀਨ ਨਹੀਂ ਲਿਆਂਦੀ ਜਾਵੇਗੀ।**

| | |
|---|---|
| ਇੱਕ ਪੀਰੀਅਡ ਦੀ ਗ਼ੈਰ ਹਾਜ਼ਰੀ ਲਈ ਜੁਰਮਾਨਾ | 0.50 |
| ਇੱਕ ਤੋਂ ਵਧੇਰੇ ਪੀਰੀਅਡ ਜਾਂ ਪੂਰੇ ਦਿਨ ਦੀ ਗ਼ੈਰ ਹਾਜ਼ਰੀ ਲਈ ਜੁਰਮਾਨਾ | 2.00 |
| ਇਮਤਿਹਾਨ ਵਿੱਚ ਨਾ ਬੈਠਣ ਦਾ ਪ੍ਰਤੀ ਪੇਪਰ ਜੁਰਮਾਨਾ | 5.00 |
| 25 ਪ੍ਰਤੀਸ਼ਤ ਤੋਂ ਘੱਟ ਅੰਕ ਲੈਣ ਦਾ ਪ੍ਰਤੀ ਪੇਪਰ ਜੁਰਮਾਨਾ | 2.00 |
| ਕਲਾਸ ਟੈਸਟ ਤੋਂ ਗ਼ੈਰ ਹਾਜ਼ਰ ਰਹਿਣ ਦਾ ਜੁਰਮਾਨਾ | 2.00 |
| ਪੁਸਤਕਾਲੇ ਦੀਆਂ ਪੁਸਤਕਾਂ ਸਮੇਂ ਸਿਰ ਵਾਪਿਸ ਨਾ ਕਰਨ ਲਈ ਜੁਰਮਾਨਾ | 1. 00 (ਪ੍ਰਤੀ ਦਿਨ/ਪ੍ਰਤੀ ਪੁਸਤਕ) |
| ਸੋਮਵਾਰ ਵਾਲੇ ਦਿਨ ਯੂਨੀਫ਼ਾਰਮ ਨਾ ਪਾਉਣ ਦਾ ਜੁਰਮਾਨਾ | 5.00 (ਪ੍ਰਤੀ ਦਿਨ) |

## Rules For Fee Deposit
## ਫੀਸ ਜਮਾਂ ਕਰਵਾਉਣ ਸੰਬੰਧੀ ਨਿਯਮ

- Students who fail to deposit fee within the stipulated period will have to pay late fee of Rs. 5/-per day.
  ਸਮੇਂ ਸਿਰ ਫੀਸ ਜਮ੍ਹਾਂ ਕਰਾਉਣ ਵਿੱਚ ਅਸਫਲ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ 5/- ਰੁਪਏ ਪ੍ਰਤੀਦਿਨ ਦੇ ਹਿਸਾਬ ਨਾਲ ਲੇਟ ਫ਼ੀਸ ਭਰਨੀ ਪਵੇਗੀ।
- The name of the student who fails to deposit the fee after the due date by a month will be struck off.
  ਮਿਥੀ ਤਾਰੀਖ ਤੋਂ ਇੱਕ ਮਹੀਨਾ ਬਾਅਦ ਤੱਕ ਜੇ ਵਿਦਿਆਰਥਣ ਫ਼ੀਸ ਨਹੀਂ ਦੇਵੇਗੀ, ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ।
- Annual funds will be charged for the whole year.
  ਸਾਲਾਨਾ ਖਰਚੇ ਪੂਰੇ ਵਿਦਿਅਕ ਸਾਲ ਦੇ ਲਏ ਜਾਣਗੇ।

All securities are refundable and can be claimed within a year after leaving the college, otherwise the security amount stands forfeited.

ਸਾਰੀਆਂ ਜ਼ਾਮਨੀਆਂ ਵਾਪਸੀ ਯੋਗ ਹਨ ਅਤੇ ਕਾਲਜ ਛੱਡਣ ਤੋਂ ਇਕ ਸਾਲ ਦੇ ਅੰਦਰ ਵਾਪਿਸ ਲਈਆਂ ਜਾ ਸਕਦੀਆਂ ਹਨ। ਇਸ ਤੋਂ ਬਾਅਦ ਜ਼ਾਮਨੀ ਜ਼ਬਤ ਹੋ ਜਾਵੇਗੀ।

# General Rules of Admission

# ਦਾਖਲੇ ਸੰਬੰਧੀ ਨਿਯਮ

*Online Admission Facility is available. (www.khalsaonlineadmission.com

1. The students who have passed their last examination from Punjab/Punjabi University or Punjab School Education Board are exempted from eligibility certificates. But they will have to submit the above mentioned original certificates within stipulated time.
2. The students who have passed their previous examination from any other Uni./Board (other than Punjab/Punjabi University and Punjab School Education Board) will have to produce eligibility certificate within one month from the date of admission :

   To obtain eligibility certificate, prescribed form of Guru Nanak Dev University alongwith Rs. 100/- as fee will be submitted along with following documents:

   (a) Original certificate alongwith Detail Marks Card of the lower examination passed.

   (b) Migration certificate by the University/ Board to whom the student was earlier registered.

   (c) Category certificate i.e. SC/BC and domicile/ resident certificate issued by a competent authority.
3. The students who have passed their Intermediate (+2) examination from Bihar Intermediate Council, Patna will have to submit the eligibility certificate, admit card issued by the council, transfer and character certificate of the school/ college and recognition letter of passed examination from Association of India Universities, Kotla Marg, New Delhi.
4. The students who have passed their Senior School Certificate (+2) from National Open School with four subjects including English, minimum after two years of passing Matric, get only provisional admission in B.A./B.Sc. They will have to pass the fifth subject of the same group from National Open School in the coming supplementary or regular examination. Or their provisional admission will stand as cancelled. Eligibility certificate of such students will be required at the time of admission.

1. ਜਿਨ੍ਹਾਂ ਵਿਦਿਆਰਥਣਾਂ ਨੇ ਹੇਠਲੀ ਪ੍ਰੀਖਿਆ ਦੂਸਰੇ ਯੂਨੀਵਰਸਿਟੀ/ਬੋਰਡਾਂ (ਪੰਜਾਬ/ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ) ਤੋਂ ਪਾਸ ਕੀਤੀ ਹੋਵੇ, ਉਹਨਾਂ ਨੂੰ ਦਾਖਲਾ ਲੈਣ ਦੇ ਨਾਲ ਹੀ ਇੱਕ ਮਹੀਨੇ ਦੇ ਅੰਦਰ-ਅੰਦਰ ਪਾਤਰਤਾ ਸਰਟੀਫਿਕੇਟ ਪੇਸ਼ ਕਰਨਾ ਪਵੇਗਾ।
2. ਪਾਤਰਤਾ ਸਰਟੀਫਿਕੇਟ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਿਰਧਾਰਿਤ ਫ਼ਾਰਮ ਤੇ ਬਿਨੈ ਪੱਤਰ ਨਾਲ 100 ਰੁਪਏ ਫੀਸ ਸਮੇਤ ਹੇਠ ਲਿਖੇ ਦਸਤਾਵੇਜ਼ ਪੇਸ਼ ਕੀਤੇ ਜਾਣ :

   (ੳ) ਹੇਠਲੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ ਅਤੇ ਅੰਕ ਵੇਰਵਾ ਕਾਰਡ।

   (ਅ) ਸੰਬੰਧਿਤ ਯੂਨੀਵਰਸਿਟੀ/ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ।

   (ੲ) ਯੋਗ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਕੈਟਾਗਰੀ ਸਰਟੀਫਿਕੇਟ ਜਿਵੇਂ ਐਸ.ਸੀ./ਬੀ.ਸੀ. ਅਤੇ ਪੰਜਾਬ ਡੋਮੀਸਾਈਲ/ਰੈਜੀਡੈਂਸ ਸਰਟੀਫਿਕੇਟ।
3. ਜਿਨ੍ਹਾਂ ਵਿਦਿਆਰਥਣਾਂ ਨੇ ਹੇਠਲੀ ਪ੍ਰੀਖਿਆ ਪੰਜਾਬ/ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ, ਉਹਨਾਂ ਨੂੰ ਪਾਤਰਤਾ ਸਰਟੀਫਿਕੇਟ ਤੋਂ ਛੋਟ ਹੋਵੇਗੀ, ਪਰੰਤੂ ਉਪਰ ਦਰਸਾਏ ਸਾਰੇ ਦਸਤਾਵੇਜ਼ (ਅਸਲ) ਮਿਥੀ ਗਈ ਮਿਤੀ ਤੱਕ ਪੇਸ਼ ਕਰਨੇ ਹੋਣਗੇ।
4. ਬਿਹਾਰ ਇੰਟਰਮੀਡੀਏਟ ਐਜੂਕੇਸ਼ਨ ਕੌਂਸਲ, ਪਟਨਾ ਤੋਂ ਇੰਟਰਮੀਡੀਏਟ (+2) ਪਾਸ ਵਿਦਿਆਰਥਣਾਂ ਨੂੰ ਪਾਤਰਤਾ ਸਰਟੀਫਿਕੇਟ ਪੇਸ਼ ਕਰਨ ਤੋਂ ਬਿਨਾਂ ਕਿਸੇ ਸੂਰਤ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਵਿਦਿਆਰਥਣਾਂ ਨੂੰ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਬਿਨੈ ਪੱਤਰ ਨਾਲ ਉਪਰੋਕਤ ਦਸਤਾਵੇਜ਼ਾਂ ਤੋਂ ਛੁੱਟ ਕੌਂਸਲ ਵੱਲੋਂ ਜਾਰੀ ਐਡਮਿਟ ਕਾਰਡ ਅਤੇ ਕਾਲਜ/ਸਕੂਲ ਵੱਲੋਂ ਟਰਾਂਸਫਰ/ਕਰੈਕਟਰ ਸਰਟੀਫਿਕੇਟ ਵੀ ਪੇਸ਼ ਕਰਨੇ ਹੋਣਗੇ। ਵਿਦਿਆਰਥੀਆਂ ਵੱਲੋਂ ਪਾਸ ਕੀਤੀ ਗਈ ਪ੍ਰੀਖਿਆ ਦਾ ਰੈਕੋਗਨੀਸ਼ਨ ਸੰਬੰਧੀ ਪੱਤਰ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਕੋਟਲਾ ਮਾਰਗ, ਨਵੀਂ ਦਿੱਲੀ ਤੋਂ ਲਿਆ ਕੇ ਦੇਣਾ ਪਵੇਗਾ।
5. ਜਿਨ੍ਹਾਂ ਵਿਦਿਆਰਥਣਾਂ ਨੇ ਨੈਸ਼ਨਲ ਓਪਨ ਸਕੂਲ, ਨਵੀਂ ਦਿੱਲੀ ਤੋਂ ਸੀਨੀਅਰ ਸਕੂਲ ਸਰਟੀਫਿਕੇਟ (+2) ਦੀ ਪ੍ਰੀਖਿਆ ਚਾਰ ਵਿਸ਼ਿਆਂ (ਸਮੇਤ ਅੰਗਰੇਜ਼ੀ) ਨਾਲ, ਮੈਟ੍ਰਿਕ ਪ੍ਰੀਖਿਆ ਪਾਸ ਕਰਨ ਤੋਂ ਘੱਟੋ ਘੱਟ ਦੋ ਸਾਲ ਬਾਅਦ ਪਾਸ ਕੀਤੀ ਹੋਵੇ, ਨੂੰ ਕੇਵਲ ਬੀ.ਏ/ਬੀ.ਐਸ.ਸੀ. (ਪਾਸ ਕੋਰਸ) ਵਿੱਚ ਆਰਜ਼ੀ ਦਾਖਲਾ ਦਿੱਤਾ ਜਾ ਸਕਦਾ ਹੈ। ਅਜਿਹੀਆਂ ਵਿਦਿਆਰਥਣਾਂ ਨੂੰ ਪੰਜਵਾਂ ਘੱਟਦਾ ਵਿਸ਼ਾ ਉਸੇ ਗਰੁੱਪ ਅਧੀਨ ਓਪਨ ਸਕੂਲ, ਨਵੀਂ ਦਿੱਲੀ ਤੋਂ ਆਉਂਦੀ ਸਪਲੀਮੈਂਟਰੀ ਜਾਂ ਸਾਲਾਨਾ ਪ੍ਰੀਖਿਆ ਨਾਲ ਪਾਸ ਕਰਨਾ ਪਵੇਗਾ, ਨਹੀਂ ਤਾਂ ਆਰਜ਼ੀ ਦਾਖਲਾ ਰੱਦ ਸਮਝਿਆ ਜਾਵੇਗਾ। ਅਜਿਹੀਆਂ ਵਿਦਿਆਰਥਣਾਂ ਨੇ ਦਾਖਲੇ ਤੋਂ ਪਹਿਲਾਂ ਪਾਤਰਤਾ ਸਰਟੀਫਿਕੇਟ ਦੇਣਾ ਹੋਵੇਗਾ।

the parents from far off towns, villages and cities. Green lawns, Play grounds, Library, Indoor Recreational Hall, Gymnasium, Study Room, Gurudwara Sahib and Canteen-cum-tuck shop are part of the hostel routine. Daily prayer and observing maryada, daily assembly and compulsory study time schedule are special features. 24 hour Medical Services is available. For post graduate students a hostel wing equipped with latest modern facilities has been constructed under UGC Scheme.

ਵਿੱਚ ਕਾਲਜ ਵਿਖੇ 21 ਵਿਦਿਆਰਥਣਾਂ ਨਾਲ ਹੋਸਟਲ ਆਰੰਭ ਕੀਤਾ ਗਿਆ। ਅੱਜ ਇਸ ਵਿੱਚ 450 ਵਿਦਿਆਰਥਣਾਂ ਦੀ ਰਿਹਾਇਸ਼ ਦਾ ਉਚਿੱਤ ਪ੍ਰਬੰਧ ਹੈ। ਇਸਦੀ ਇਮਾਰਤ ਵਿੱਚ ਲੋੜ ਅਨੁਸਾਰ ਭਾਰੀ ਪਰਿਵਰਤਨ ਕਰਕੇ ਇਸ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਇਥੋਂ ਦਾ ਵਾਤਾਵਰਣ ਵਿਦਿਆਰਥਣਾਂ ਦੀ ਅਧਿਐਨ ਸੁਵਿਧਾ ਅਨੁਕੂਲ ਹੈ ਅਤੇ ਵਿਦਿਆਰਥਣਾਂ ਨੂੰ ਹਰ ਸਹੂਲਤ ਮੁਹੱਈਆ ਹੈ। ਵਿਦਿਆਰਥਣਾਂ ਨੂੰ ਨੈਤਿਕ ਅਤੇ ਧਾਰਮਿਕ ਸਿੱਖਿਆ ਪ੍ਰਦਾਨ ਕਰਨ ਲਈ ਹੋਸਟਲ ਵਿੱਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਚੌਵੀ ਘੰਟੇ ਮੈਡੀਕਲ ਸੇਵਾਵਾਂ ਉਪਲਬਧ ਹਨ। ਪੋਸਟ ਗਰੈਜੂਏਟ ਵਿਦਿਆਰਥਣਾਂ ਲਈ ਯੂ.ਜੀ.ਸੀ. ਦੀ ਸਕੀਮ ਤਹਿਤ ਬਣਿਆ ਹੋਸਟਲ ਵਿੰਗ ਹਰ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਹੈ।

## Hostel Rules

- The students seeking hostel, need to fill up a separate performa available in the college office.
- Exclusive seats and facilities are provided to outstanding SC, BC students and also to the exceptional participants of sports and co-curricular activities.
- Only the authorized visitors, whose recommendation from the parents is registered, are allowed to meet the hostlers on specific days and timings.
- No one is allowed to meet the hostlers without Identity Card and the affixed photograph.
- Identity Cards for the visitors can be obtained from the office within 15 days from the date of admission in the college Hostel.

## ਹੋਸਟਲ ਨਿਯਮਾਵਲੀ

- ਹੋਸਟਲ ਵਿਚ ਸੀਟਾਂ ਸੀਮਿਤ ਹਨ। ਖਿਡਾਰਨਾਂ, ਪੱਛੜੀਆਂ ਤੇ ਅਨੁਸੂਚਿਤ ਜਾਤੀਆਂ/ਕਬੀਲਿਆਂ ਲਈ ਵਿਸ਼ੇਸ਼ ਸੀਟਾਂ ਤੇ ਸਹੂਲਤਾਂ ਉਪਲੱਬਧ ਹਨ।
- ਹੋਸਟਲ ਵਿੱਚ ਦਾਖਲਾ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਕਾਲਜ ਦਫ਼ਤਰ ਵਿੱਚੋਂ ਫ਼ਾਰਮ ਲੈ ਕੇ ਭਰਨਾ ਪਵੇਗਾ।
- ਫ਼ਾਰਮ ਵਿਚ ਵਿਦਿਆਰਥਣਾਂ ਨੂੰ ਮਿਲਣ ਵਾਲਿਆਂ ਦੇ ਨਾਮ ਲਿਖੇ ਜਾਂਦੇ ਹਨ, ਜੋ ਕਿ ਵਿਦਿਆਰਥਣਾਂ ਦੇ ਮਾਂ-ਬਾਪ ਜਾਂ ਸਰਪ੍ਰਸਤ ਵੱਲੋਂ ਲਿਖਾਏ ਜਾਣਗੇ।
- ਪਛਾਣ ਕਾਰਡ ਦਾਖਲਾ ਲੈਣ ਤੋਂ ਬਾਅਦ 15 ਦਿਨਾਂ ਅੰਦਰ ਬਣਵਾ ਲੈਣੇ ਜ਼ਰੂਰੀ ਹਨ।
- ਫੋਟੋ ਲੱਗੇ ਪਛਾਣ ਕਾਰਡ ਤੋਂ ਬਿਨਾਂ ਕੋਈ ਵਿਅਕਤੀ ਵਿਦਿਆਰਥਣ ਨੂੰ ਨਹੀਂ ਮਿਲ ਸਕਦਾ।



Dictionaries, Rare Books, Text Books, ... Journals, Magazines and News Papers. Book Bank scheme is also available to the students. E-Library and internet service is available. During the academic session, latest books are regularly added in the library.

ਇਨਸਾਈਕਲੋਪੀਡੀਆਜ, ਰੈਫਰੈਂਸ ਪੁਸਤਕਾਂ ਅਤੇ ਗਿਆਨ-ਵਰਧਕ ਪੁਸਤਕਾਂ ਦਾ ਉਚਿੱਤ ਭੰਡਾਰ ਹੈ। ਹਰ ਵਸ਼ੇ ਨਾਲ ਸੰਬੰਧਿਤ ਪਾਠ ਪੁਸਤਕਾਂ ਅਤੇ ਸਹਾਇਕ ਪੁਸਤਕਾਂ ਤੋਂ ਇਲਾਵਾ ਲਾਇਬ੍ਰੇਰੀ ਵਿੱਚ ਅਨੇਕਾਂ ਰਸਾਲੇ, ਪਤ੍ਰਿਕਾਵਾਂ ਅਤੇ ਅਖ਼ਬਾਰ ਮੰਗਵਾਏ ਜਾਂਦੇ ਹਨ। ਗਰੀਬ ਅਤੇ ਲੋੜਵੰਦ ਵਿਦਿਆਰਥਣਾਂ ਨਿਯਮਾਂ ਅਨੁਸਾਰ ਸਾਰੇ ਸਾਲ ਲਈ ਪੁਸਤਕਾਂ ਲੈ ਸਕਦੀਆਂ ਹਨ। ਕਾਲਜ ਲਾਇਬ੍ਰੇਰੀ ਵਿਚ ਈ-ਲਾਇਬ੍ਰੇਰੀ ਤੇ ਇੰਟਰਨੈੱਟ ਦੀ ਸੁਵਿਧਾ ਵੀ ਉਪਲੱਬਧ ਹੈ।

## Library Rules

1. Visit College library in free time and silence must be observed.
2. Undergraduate students are allowed to get 4 books issued and the students of post graduate level can take 5 books at a time.
3. Issued books must be returned within 14 days.
4. Students failing to return the books within stipulated time will be fined ₹1 per book per day.
5. Reference Books or Rare Books can be referred only in the Library.
6. Librarian reserves the right of demanding back any book at any time.
7. Books will be issued only on showing the student's Identity Card and Library Tickets.
8. Students will have to pay double the amount of cost in lieu of a lost, damaged or disfigured book.
9. Markings on the books are strictly prohibited.

## ਲਾਇਬ੍ਰੇਰੀ ਨਿਯਮਾਵਲੀ

1. ਖਾਲੀ ਪੀਰੀਅਡ ਦੌਰਾਨ ਲਾਇਬ੍ਰੇਰੀ ਜਾਇਆ ਜਾਏ ਅਤੇ ਲਾਇਬ੍ਰੇਰੀ ਵਿਚ ਮੁਕੰਮਲ ਸ਼ਾਂਤੀ ਰੱਖੀ ਜਾਵੇ।
2. ਗ੍ਰੈਜੂਏਸ਼ਨ ਦੀਆਂ ਵਿਦਿਆਰਥਣਾਂ ਨੂੰ ਇਕ ਸਮੇਂ 'ਤੇ ਚਾਰ ਪੁਸਤਕਾਂ, ਪੋਸਟ ਗ੍ਰੈਜੂਏਟ ਦੀਆਂ ਵਿਦਿਆਰਥਣਾਂ ਨੂੰ ਪੰਜ ਪੁਸਤਕਾਂ ਇਸ਼ੂ ਕਰਵਾਉਣ ਦੀ ਆਗਿਆ ਹੋਵੇਗੀ।
3. ਇਸ਼ੂ ਹੋਈਆਂ ਪੁਸਤਕਾਂ 14 ਦਿਨਾਂ ਦੇ ਅੰਦਰ-ਅੰਦਰ ਵਾਪਿਸ ਕਰਨੀਆਂ ਹੋਣਗੀਆਂ।
4. ਨਿਸਚਿਤ ਸਮੇਂ ਤੋਂ ਬਾਅਦ ਕਿਤਾਬਾਂ ਵਾਪਿਸ ਕਰਨ ਵਿਚ ਦੇਰੀ ਕਾਰਣ ਪ੍ਰਤੀ ਪੁਸਤਕ ਪ੍ਰਤੀ ਦਿਨ 1 ਰੁਪਇਆ ਜੁਰਮਾਨਾ ਕੀਤਾ ਜਾਵੇਗਾ।
5. ਰੈਫਰੈਂਸ ਬੁੱਕ ਜਾਂ ਕੋਈ ਹੋਰ ਕੀਮਤੀ ਕਿਤਾਬ ਪੁਸਤਕਾਲੇ ਵਿੱਚ ਬੈਠ ਕੇ ਪੜ੍ਹਨ ਲਈ ਲਾਇਬ੍ਰੇਰੀਅਨ ਦੀ ਵਿਸ਼ੇਸ਼ ਆਗਿਆ ਨਾਲ ਲਈ ਜਾ ਸਕਦੀ ਹੈ।
6. ਲਾਇਬ੍ਰੇਰੀਅਨ ਕਿਸੇ ਵੀ ਸਮੇਂ ਪੁਸਤਕ ਵਾਪਸ ਮੰਗਵਾ ਸਕਦੇ ਹਨ।
7. ਹਰ ਵਿਦਿਆਰਥਣ ਕੋਲ ਉਸਦਾ ਸ਼ਨਾਖਤੀ ਕਾਰਡ ਹੋਣਾ ਚਾਹੀਦਾ ਹੈ, ਜੋ ਪੁਸਤਕ ਉਧਾਰ ਲੈਂਦੇ ਸਮੇਂ ਵਿਖਾਇਆ ਜਾ ਸਕੇ।
8. ਗੁਆਚੀ ਜਾਂ ਬੁਰੀ ਤਰ੍ਹਾਂ ਫਟੀ ਪੁਸਤਕ ਨਵੀਂ ਲੈ ਕੇ ਵਾਪਸ ਕਰਨੀ ਪਵੇਗੀ ਜਾਂ ਉਸਦੀ ਦੁਗਣੀ ਕੀਮਤ ਅਦਾ ਕਰਨੀ ਪਵੇਗੀ।
9. ਪੁਸਤਕ ਉੱਤੇ ਕਿਸੇ ਕਿਸਮ ਦੀ ਕੋਈ ਨਿਸ਼ਾਨੀ ਲਗਾਉਣ ਦੀ ਆਗਿਆ ਨਹੀਂ ਹੈ।



various religious activities organised by the college.

2. A USA based organization 'Dheyan Pukardiyan' distributed an amount of ₹3,48,000/- to 29 deserving students. Each student received ₹1000 per month for the session (2018-19).
3. 111 Students got Scholarship of **Amount ₹18,70,587** under Post Matric Scholarships Scheme to SC Students (Dr. Ambedkar Scholarship Scheme by Punjab Govt.)
4. Minority Students got scholarships **Amount of ₹60,000/- (Approx.)** under National Scholarship Portal.
5. Navroop Kaur bagged Silver Medal in Federation Cup Handball held at Haryana and got scholarship of ₹25,000 from GNDU.
6. Kirandeep Kaur won Gold Medal in All India Intervarsity Discuss Throw Competition held at Andhra Pradesh and got scholarship of ₹20,000 from GNDU.
7. Harpreet Kaur and Rajwinder Kaur won Bronze Medal and scholarship of ₹20,000 each in All India Intervarsity Floorball Competition held at Gwalior.
8. Veerpal Kaur got Bronze Medal and scholarship of ₹20,000 in Senior National Kabbadi Federation Cup held at Mumbai.
9. Parul Proch won Bronze Medal and scholarship of ₹20,000 in All India Intervarsity Gymnastic Competition held at Kurukshetra.
10. Manpreet Kaur got Bronze Medal in Senior National Softball Competition held at West Bengal and bagged Gold Medal and scholarship of ₹30,000 in All India Intervarsity Competition held in GNDU, Amritsar.
11. Simrandeep Kaur and Manpreet Kaur won Gold Medal and scholarship of ₹30,000 each in All India Intervarsity Softball Competition held in GNDU, Amritsar.
12. Pragati won Bronze Medal and scholarship of ₹20,000 in Canoeing All India Intervarsity

ਰੁਪਏ) ਦਾ ਵਜ਼ੀਫਾ ਰਾਸ਼ੀ ਵਜੋਂ ਗਏ।

2. ਅਮਰੀਕਾ ਨਿਵਾਸੀ ਸ੍ਰ. ਕੁਲਦੀਪ ਸਿੰਘ ਸਰਾਂ ਦੁਆਰਾ ਚਲਾਈ ਜਾ ਰਹੀ ਸੰਸਥਾ 'ਧੀਆਂ ਪੁਕਾਰਦੀਆਂ' ਵੱਲੋਂ ਸ਼ੈਸ਼ਨ 2018-19 ਵਿਚ 29 ਵਿਦਿਆਰਥਣਾਂ ਨੂੰ ਪ੍ਰਤੀ ਮਹੀਨਾ 1000/- ਰੁਪਏ ਵਜ਼ੀਫਾ ਦਿੱਤਾ ਗਿਆ। ਜਿਸ ਦੀ ਕੁਲ ਰਾਸ਼ੀ 3,48,000 ਰੁਪਏ ਹੈ।
3. ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ 111 (SC) ਵਿਦਿਆਰਥਣਾਂ ਨੂੰ 18,70,587 ਰੁਪਏ ਦੀ ਰਾਸ਼ੀ ਵਜ਼ੀਫੇ ਵਜੋਂ ਪ੍ਰਾਪਤ ਹੋਈ।
4. ਨੈਸ਼ਨਲ ਸਕਾਲਰਸ਼ਿਪ ਪੋਰਟਲ ਅਧੀਨ ਘੱਟ ਗਿਣਤੀ ਵਿਦਿਆਰਥਣਾਂ ਨੂੰ ਲਗਭਗ 60,000/- ਰੁਪਏ ਦੀ ਰਾਸ਼ੀ ਵਜ਼ੀਫੇ ਵਜੋਂ ਪ੍ਰਾਪਤ ਹੋਈ।
5. ਖਿਡਾਰਨ ਨਵਰੂਪ ਕੌਰ ਨੇ ਹਰਿਆਣਾ ਵਿਖੇ ਹੋਏ ਫੈਡਰੇਸ਼ਨ ਕੱਪ ਹੈਂਡਬਾਲ ਵਿਚੋਂ ਚਾਂਦੀ ਦਾ ਤਮਗਾ ਜਿੱਤ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 25,000/- ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕੀਤੀ।
6. ਖਿਡਾਰਨ ਕਿਰਨਦੀਪ ਕੌਰ ਨੇ ਆਂਧਰਾ ਪ੍ਰਦੇਸ਼ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਡਿਸਕਸ ਥਰੋ ਮੁਕਾਬਲੇ ਵਿਚੋਂ ਸੋਨੇ ਦਾ ਤਮਗਾ ਹਾਸਿਲ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 20,000/- ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕੀਤੀ।
7. ਖਿਡਾਰਨ ਹਰਪ੍ਰੀਤ ਕੌਰ ਤੇ ਰਾਜਵਿੰਦਰ ਕੌਰ ਨੇ ਗਵਾਲੀਅਰ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਫਲੋਰ ਬਾਲ ਮੁਕਾਬਲੇ ਵਿਚੋਂ ਕਾਂਸੀ ਦਾ ਤਮਗਾ ਜਿੱਤ ਕੇ 20,000/- ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕੀਤੀ।
8. ਖਿਡਾਰਨ ਵੀਰਪਾਲ ਕੌਰ ਨੇ ਹੈਦਰਾਬਾਦ ਵਿਖੇ ਹੋਏ ਸੀਨੀਅਰ ਨੈਸ਼ਨਲ ਕਬੱਡੀ ਮੁਕਾਬਲੇ ਵਿਚੋਂ ਕਾਂਸੀ ਦਾ ਤਮਗਾ ਜਿੱਤ ਕੇ 20,000/- ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕੀਤੀ ਅਤੇ ਇਸੇ ਤਰ੍ਹਾਂ ਮੁੰਬਈ ਵਿਖੇ ਹੋਏ ਕਬੱਡੀ ਫੈਡਰੇਸ਼ਨ ਕੱਪ ਵਿਚੋਂ ਕਾਂਸੀ ਦਾ ਤਮਗਾ ਜਿੱਤ ਕੇ 20,000/- ਰੁਪਏ ਦੀ ਰਾਸ਼ੀ ਸਕਾਲਰਸ਼ਿਪ ਵਜੋਂ ਪ੍ਰਾਪਤ ਕੀਤੀ।
9. ਖਿਡਾਰਨ ਪਾਰੁਲ ਪਰੋਚ ਨੇ ਕੁਰੂਕਸ਼ੇਤਰ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਜਿਮਨਾਸਟਿਕ ਮੁਕਾਬਲੇ ਵਿਚੋਂ ਕਾਂਸੀ ਦਾ ਤਮਗਾ ਜਿੱਤ ਕੇ 20,000/- ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕੀਤੀ।
10. ਖਿਡਾਰਨ ਮਨਪ੍ਰੀਤ ਕੌਰ ਨੇ ਸੀਨੀਅਰ ਨੈਸ਼ਨਲ ਸਾਫ਼ਟਬਾਲ ਮੁਕਾਬਲੇ ਵਿਚੋਂ ਚਾਂਦੀ ਦਾ ਤਮਗਾ ਹਾਸਿਲ ਕੀਤਾ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਸਾਫ਼ਟਬਾਲ ਮੁਕਾਬਲੇ ਵਿਚੋਂ ਸੋਨੇ ਦਾ ਤਮਗਾ ਜਿੱਤ ਕੇ 30,000/- ਰੁਪਏ ਦੀ ਰਾਸ਼ੀ ਸਕਾਲਰਸ਼ਿਪ ਵਜੋਂ ਪ੍ਰਾਪਤ ਕੀਤੀ।
11. ਖਿਡਾਰਨ ਸਿਮਰਨਦੀਪ ਕੌਰ ਅਤੇ ਮਨਪ੍ਰੀਤ ਕੌਰ (ਸੀਨੀਅਰ) ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਸਾਫ਼ਟਬਾਲ ਮੁਕਾਬਲੇ ਵਿਚੋਂ ਸੋਨੇ ਦਾ ਤਮਗਾ ਜਿੱਤ ਕੇ 30,000/- ਰੁਪਏ ਦੀ ਰਾਸ਼ੀ ਸਕਾਲਰਸ਼ਿਪ ਵਜੋਂ ਪ੍ਰਾਪਤ ਕੀਤੀ।
12. ਖਿਡਾਰਨ ਪ੍ਰਗਤੀ ਨੇ ਕਲਕੱਤਾ ਵਿਖੇ ਹੋਏ ਕੈਨੋਇੰਗ ਆਲ ਇੰਡੀਆ ਇੰਟਰਵਰਸਿਟੀ ਟੂਰਨਾਮੈਂਟ ਵਿਚੋਂ ਕਾਂਸੀ ਦਾ ਤਮਗਾ ਜਿੱਤ ਕੇ 20,000/- ਰੁਪਏ ਦੀ ਰਾਸ਼ੀ ਸਕਾਲਰਸ਼ਿਪ ਵਜੋਂ ਪ੍ਰਾਪਤ ਕੀਤੀ।